ਸਾਧਵੀਆਂ ਨਾਲ ਬਲਾਤਕਾਰਾਂ ਦਾ ਅੱਡਾ ਬਣਿਆ ਸਾਧ ਦਾ ਡੇਰਾ

ਜਿੱਥੇ ਵਿਰੋਧੀ ਸੁਰ ਵਾਲਿਆਂ ਨੂੰ ਕਤਲ ਕਰਕੇ ਬੇਰੀਆਂ ਵਾਲੇ ਬਾਗ ਵਿੱਚ ਦਫ਼ਨ ਕੀਤਾ ਜਾਂਦੈ

ਸਵਾਲ- ਬੇਅੰਤ ਸਿੰਘ ਜੀ ਸਿਰਸਾ ਡੇਰੇ ਨਾਲ ਤੁਹਾਡੇ ਜੁੜਨ ਦਾ ਸਬੱਬ ਕਿਵੇਂ ਬਣਿਆ ?

ਜਵਾਬ- ਮੈਂ ਜ਼ਿਲ੍ਹਾ ਬਠਿੰਡਾ ਨਾਲ ਸਬੰਧਤ ਹਾਂ। ਮੇਰੇ ਮਾਤਾ ਪਿਤਾ ਡੇਰਾ ਸਿਰਸਾ ਦੇ ਸ਼ਰਧਾਲੂ ਸਨ। ਮੇਰੇ ਪਰਿਵਾਰ ਨੇ ਬਚਪਨ ਤੋਂ ਹੀ ਮੈਨੂੰ ਡੇਰੇ ਚੜ੍ਹਾ ਦਿੱਤਾ ਸੀ। ਡੇਰੇ ਦੇ ਪੱਕੇ ਤੇ ਪੁਰਾਣੇ ਸ਼ਰਧਾਲੂ ਆਪਣਾ ਇੱਕ ਬੁੱਚਾ ਜ਼ਰੂਰ ਡੇਰੇ 'ਤੇ ਚੜ੍ਹਾਉਂਦੇ ਹਨ। ਸਾਧ ਹਰੇਕ ਕੋਲ ਬੱਚੇ ਨਹੀਂ ਲੈਂਦਾ। ਸਿਰਫ ਪੁਰਾਣੇ ਪਰਿਵਾਰਾਂ ਦੇ ਬੱਚੇ ਨੂੰ ਹੀ ਕਬੂਲ ਕਰਦਾ ਹੈ। ਇਨ੍ਹਾਂ ਬੱਚਿਆਂ ਨੇ ਦੁਨੀਆਦਾਰੀ ਵਿੱਚ ਨਹੀਂ ਆਉਂਣਾ ਤੇ ਡੇਰੇ ਵਿੱਚ ਰਹਿ ਕੇ ਉੱਥੋਂ ਦੇ ਕੰਮ ਕਰਨੇ ਹਨ। ਰਿਹਾਇਸ਼ ਤੇ ਖਾਣਾ ਪੀਣਾ ਵੀ ਡੇਰੇ ਵਿੱਚ ਹੀ ਹੁੰਦਾ ਹੈ।

? ਛੋਟੇ ਬੱਚਿਆਂ ਦੀ ਪੜ੍ਹਾਈ ਲਿਖਾਈ ਦਾ ਡੇਰੇ ਵਿੱਚ ਕੀ ਪ੍ਰਬੰਧ ਹੈ ?

ਜਵਾਬ - ਸਾਧ ਛੋਟੀ ਉਮਰ ਦੇ ਬੱਚੇ ਨੂੰ ਨਹੀਂ ਲੈਂਦਾ। ਵੈਸੇ ਉੱਥੇ ਸਕੂਲ ਕਾਲਜ ਹਨ। ਮੈਂ ਵੀ ਉੱਥੇ ਹੀ ਪੜ੍ਹਿਆ ਹਾਂ।

? ਇਨ੍ਹਾਂ ਸਕੂਲਾਂ ਕਾਲਜਾਂ ਦੀ ਵਿਦਿਆ ਦਾ ਮਿਆਰ ਕਿਹੋ ਜਿਹਾ ਹੈ ਖਾਸ ਕਰਕੇ ਧਾਰਮਿਕ ਪੱਖ ਤੋਂ ?

ਜਵਾਬ- ਇਹ ਸੀ. ਬੀ. ਐਸ. ਈ. ਸਿਲੈਬਸ ਨਾਲ ਸਬੰਧਤ ਹਨ। ਇਹ ਡੇਰੇ ਵਿੱਚ ਹੀ ਹਨ।

? ਤੁਸੀਂ ਕਿੰਨੀ ਕੁ ਉਮਰ ਤੋਂ ਉੱਥੇ ਸੇਵਾ ਸ਼ੁਰੂ ਕੀਤੀ ?

ਜਵਾਬ- ਮੈਨੂੰ ਬਚਪਨ ਤੋਂ ਹੀ ਉੱਥੇ ਚੜ੍ਹਾ ਦਿੱਤਾ ਗਿਆ ਸੀ। 1993 ਵਿੱਚ ਮੈਨੂੰ ਡੇਰੇ ਦੇ ਹਵਾਲੇ ਕਰ ਦਿੱਤਾ ਗਿਆ। ਉੱਥੇ ਮੈਨੂੰ ਅਕਾਊਂਟੈਂਸੀ ਦੀ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ। ਕਮਾਂਡੋ ਟ੍ਰੇਨਿੰਗ ਵੀ ਦਿੱਤੀ ਜਾਂਦੀ ਹੈ ਪਰ ਸਾਧ ਦਾ ਵਿਸ਼ਵਾਸਪਾਤਰ ਹੀ ਬਾਡੀਗਾਰਡ ਬਣ ਸਕਦਾ। ਮੈਨੂੰ ਵੀ ਇਹ ਟ੍ਰੇਨਿੰਗ ਦਿੱਤੀ ਗਈ।

? ਕੀ ਤੁਹਾਡਾ ਘਰ ਆਉਣ ਜਾਣ ਨੂੰ ਦਿਲ ਨਹੀਂ ਕਰਦਾ ਸੀ ?

ਜਵਾਬ- 1993 ਤੋਂ ਬਾਅਦ ਮੈਨੂੰ ਜਿੰਮੇਵਾਰੀਆਂ ਹੀ ਏਨੀਆਂ ਦੇ ਦਿੱਤੀਆਂ ਗਈਆਂ ਸਨ ਕਿ ਉਸ ਨੇ ਘਰ ਜਾਣ ਤੋਂ ਮਨ੍ਹਾਂ ਕਰ ਦਿੱਤੀ ਸੀ। ਅਸੀਂ ਦੋ ਜਣੇ ਹੁੰਦੇ ਸਾਂ। ਪਰਿਵਾਰ ਨਾਲ ਮੇਰਾ ਸਤਿਸੰਗ ਵੇਲੇ ਮਿਲਾਪ ਹੋ ਜਾਂਦਾ ਸੀ।

? ਇਹ ਸੇਵਾ ਆਮ ਤੌਰ 'ਤੇ ਕਿਹੋ ਜਿਹੀ ਹੁੰਦੀ ਹੈ ?

ਜਵਾਬ- ਮੇਰਾ 1995 ਵਿੱਚ ਹੀ ਸਾਧ ਤੋਂ ਵਿਸ਼ਵਾਸ ਉਠ ਗਿਆ ਸੀ। ਮੈਂ ਸਾਧ ਨਾਲ ਗੁਜਰਾਤ ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਦੇ ਟੂਰ 'ਤੇ ਗਿਆ ਸੀ। ਰਸਤੇ ਵਿੱਚ ਹਰ ਥਾਂ ਕੈਂਪ ਲੱਗਦਾ ਹੁੰਦਾ ਸੀ। ਕਾਫੀ ਗੱਡੀਆਂ ਦਾ ਕਾਫ਼ਲਾ ਹੁੰਦਾ ਸੀ। ਮੇਰੀ ਡਿਊਟੀ ਸਕਿਓਰਟੀ ਦੀ ਸੀ। ਉੱਥੇ ਹੀ ਕੈਂਪ ਵਿੱਚ ਮੈਂ ਸਾਧ ਨੂੰ ਇਕ ਲੜਕੀ ਨਾਲ ਬਲਾਤਕਾਰ ਕਰਦਿਆਂ ਅੱਖੀ ਦੇਖਿਆ। ਉਸ ਸਮੇਂ ਮੈਂ ਬੋਲ ਨਹੀਂ ਸਕਿਆ। ਜਦੋਂ ਮੈਂ ਨੈਗੇਟਿਵ ਹੋਣਾ ਸ਼ੁਰੂ ਹੋਇਆ ਤਾਂ ਮੇਰੇ ਪਰਿਵਾਰਕ ਮੈਂਬਰ ਫਿਰ ਮੇਰੇ 'ਤੇ ਦਬਾਅ ਪਾਉਣ ਲੱਗੇ। ਮੈਂ ਮਹਿਸੂਸ ਕੀਤਾ ਕਿ ਇਸ ਪਾਸੇ ਅਸੀਂ ਇਸ ਨੂੰ ਸੰਤ ਮਹਾਂਪੁਰਸ਼ ਸਮਝਦੇ ਹਾਂ, ਦੂਜੇ ਪਾਸੇ ਇਹ ਇਹੋ ਜਿਹੇ ਕੰਮ ਕਰ ਰਿਹਾ ਹੈ। ਮੈਂ ਸੋਚਿਆ ਕਿ ਇਹ ਮੇਰੀ ਜ਼ਿੰਦਗੀ ਨਾਲ ਬਹੁਤ ਵੱਡਾ ਧੋਖਾ ਹੋ ਰਿਹਾ ਹੈ। ਮੇਰੇ ਪਰਿਵਾਰ ਤੇ ਬਾਕੀ ਪਰਿਵਾਰਾਂ ਨੂੰ ਬਿਲਕੁਲ ਨਹੀਂ ਪਤਾ ਸੀ ਕਿ ਸਾਧ ਅਜਿਹੀਆਂ ਕਰਤੂਤਾਂ ਕਰ ਰਿਹਾ ਹੈ। ਸਿਰਫ ਅੰਦਰ ਰਹਿੰਦੇ 3-4 ਸੌ ਮੁੰਡਿਆ ਨੂੰ ਇਸ ਬਾਰੇ ਗਿਆਨ ਸੀ। ਦੋ-ਤਿੰਨ ਸੌ ਉੱਥੇ ਲੜਕੀਆਂ ਵੀ ਰਹਿੰਦੀਆਂ ਹਨ। ਆਮ ਲੋਕਾਂ ਨੂੰ ਗੁਫ਼ਾ ਦੇ ਨੇੜੇ ਵੀ ਨਹੀਂ ਲੱਗਣ ਦਿੱਤਾ ਜਾਂਦਾ।

? ਤੁਸੀਂ ਦੱਸਿਆ ਕਿ ਉੱਥੇ ਸੈਂਕੜੇ ਦੀ ਗਿਣਤੀ ਵਿੱਚ ਸਾਧ-ਸਾਧਣੀਆਂ ਰਹਿੰਦੇ ਹਨ। ਉਨ੍ਹਾਂ ਨੂੰ ਜਦੋਂ ਇਨ੍ਹਾਂ ਗੱਲਾਂ ਦਾ ਪਤਾ ਲਗਦਾ ਹੈ ਤਾਂ ਉਨ੍ਹਾਂ ਦਾ ਪ੍ਰਤੀਕਰਮ ਕੀ ਹੁੰਦਾ ?

ਜਵਾਬ- ਮੈਂ ਤੁਹਾਨੂੰ ਦੱਸਣਾ ਚਾਹੁੰਦਾ ਸਾਂ ਕਿ ਇਨ੍ਹਾਂ ਵਿੱਚੋਂ 14-15 ਸਾਧੂਆਂ ਦਾ ਇਨ੍ਹਾਂ ਨੇ ਕਤਲ ਕੀਤਾ ਹੈ। ਜਦੋਂ ਕਿ ਇਸ ਗੱਲ ਦਾ ਮੀਡੀਆ ਨੂੰ ਬਿਲਕੁਲ ਪਤਾ ਨਹੀਂ ਹੈ। ਮੀਡੀਏ ਨੂੰ ਸਿਰਫ਼ ਫਕੀਰ ਚੰਦ ਤੇ ਲਛਮਣ ਦਾਸ ਬਾਰੇ ਹੀ ਪਤਾ ਹੈ। ਪੱਤਰਕਾਰ ਰਾਮ ਚੰਦਰ ਛਤਰਪਤੀ ਤਾਂ ਇਸ ਤੋਂ ਵੱਖ ਸਨ ਕਿਉਕਿ ਉਹ ਡੇਰੇ ਤੋਂ ਬਾਹਰ ਸਨ। ਜਿਹੜੇ ਲੋਕਾਂ ਨੇ ਥੋੜ੍ਹਾ ਬਹੁਤ ਇਨ੍ਹਾਂ ਚੀਜ਼ਾਂ ਦਾ ਵਿਰੋਧ ਕਰਨਾ ਸ਼ੁਰੂ ਕੀਤੀ ਉਨ੍ਹਾਂ ਨੂੰ ਖਤਮ ਕਰ ਦਿੱਤਾ ਗਿਆ। ਜਿਸ ਤਰ੍ਹਾਂ ਲੜਕੀ ਨਾਲ ਬਲਾਤਕਾਰ ਵਾਲੇ ਦਿਨ ਮੈਂ ਜੋ ਥੋੜ੍ਹੀ ਗਲਤੀ ਕਰ ਜਾਂਦਾ ਤਾਂ ਮੈਨੂੰ ਸ਼ੂਟ ਕਰ ਦੇਣਾ ਸੀ।

? ਇਸ ਕੰਮ ਲਈ ਕੋਈ ਸਪੈਸ਼ਲ ਬ੍ਰਿਗੇਡ ਬਣਾਈ ਹੋਈ ਹੈ

ਜਵਾਬ- ਸਾਧ ਨੇ ਉੱਥੇ ਹੱਟੇ-ਕੱਟੇ ਗੁੰਡੇ ਪਾਲ ਰੱਖੇ ਹਨ ਜਿਨ੍ਹਾਂ ਵਿੱਚੋਂ ਇਸ ਵੇਲੇ ਦੋ ਤਿੰਨ ਤਾਂ ਅੰਬਾਲਾ ਜੇਲ੍ਹ ਵਿੱਚ ਬੰਦ ਹਨ। ਇਹ ਹੁਕਮ ਕਰ ਦਿੰਦਾ ਹੈ ਕਿ ਮੈਨੂੰ ਇਸ ਬੰਦੇ ਦੀ ਮੌਤ ਚਾਹੀਦੀ ਹੈ। ਰਾਮਚੰਦਰ ਛਤਰਪਤੀ ਨੇ ਇਸ ਦੀਆਂ ਕਰਤੂਤਾਂ ਦਾ ਭਾਂਡਾ ਭੰਨਦੀ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ। ਇਕ ਦਿਨ ਸਾਧ ਸ਼ਾਮ ਨੂੰ ਸਤਿਸੰਗ ਤੋਂ ਵਾਪਸ ਆਇਆ ਤਾਂ ਪ੍ਰਬੰਧਕਾਂ ਨੇ ਦੱਸਿਆ ਕਿ ਡੇਰੇ ਦੇ ਖਿਲਾਫ਼ ਇੱਕ ਪੇਪਰ ਵਿੱਚ ਰਿਪੋਰਟ ਛਪੀ ਹੈ। ਇਹ ਸੁਣ ਕੇ ਇਹ ਲੋਹਾ ਲਾਖਾ ਹੋ ਗਿਆ। ਇਸ ਨੇ ਪੁੱਛਿਆ ਕਿ ਕਿਸ ਨੇ ਛਾਪੀ ਹੈ ਤਾਂ ਜਦੋਂ ਰਾਮ ਚੰਦਰ ਛਤਰਪਤੀ ਦਾ ਨਾਂਅ ਦੱਸਿਆ ਗਿਆ ਤਾਂ ਇਸ ਨੇ ਹੁਕਮ ਦੇ ਦਿੱਤੀ ਕਿ ਮੈਨੂੰ ਉਸ ਦੀ ਮੌਤ ਚਾਹੀਦੀ ਹੈ। ਉਸ ਸਮੇਂ ਬਲਵੀਰ ਸਿੰਘ ਉਰਫ ਕਾਲਾ, ਨਿਰਮਲ ਸਿੰਘ ਤੇ ਪ੍ਰਬੰਧਕ ਕ੍ਰਿਸ਼ਨ ਕੁਮਾਰ ਨੂੰ ਆਰਡਰ ਕਰ ਦਿੱਤਾ ਕਿ ਛਤਰਪਤੀ ਦੀ ਅੱਜ ਸ਼ਾਮ ਤੱਕ ਮੌਤ ਚਾਹੀਦੀ ਹੈ, ਓਨੀ ਦੇਰ ਤੱਕ ਕੋਈ ਕੰਮ ਨਹੀਂ ਕਰਨਾ। ਉਨ੍ਹਾਂ ਨੇ ਉਸ ਨੂੰ ਉਸੇ ਦਿਨ ਸ਼ਾਮ ਜਾਂ ਅਗਲੇ ਦਿਨ (ਪੂਰਾ ਯਾਦ ਨਹੀਂ) ਸ਼ਾਇਦ ਸ਼ੂਟ ਕਰ ਦਿੱਤਾ।

? ਜਿਵੇਂ ਤੁਸੀਂ ਦੱਸਿਆ ਕਿ ਸਾਧ ਬਾਹਰ ਵੀ ਜਾਂਦਾ ਸੀ। ਇਨ੍ਹਾਂ ਸੂਬਿਆਂ ਵਿੱਚ ਕੋਈ ਕੈਂਪ ਵਗੈਰਾ ਲਗਦੇ ਸਨ ?

ਜਵਾਬ- ਅਸਲ ਵਿੱਚ ਇਹ ਆਪਣੇ ਨਾਲ ਸੰਗਤ ਜੋੜਨੀ ਚਾਹੁੰਦਾ ਸੀ। ਸਾਧ ਕੁਝ ਬੰਦਿਆਂ ਨੂੰ ਪਹਿਲਾਂ ਭੇਜ ਦਿੰਦਾ ਸੀ ਕਿ ਤੁਸੀਂ ਪਿੰਡ ਦੇ ਲੋਕਾਂ ਨੂੰ ਜਾ ਕੇ ਮਿਲੋ, ਸਰਪੰਚਾਂ ਨੂੰ ਮਿਲੋ ਅਤੇ ਸ਼ਹਿਰਾਂ ਦੇ ਐਮ. ਪੀਆਂ ਨੂੰ ਮਿਲੋ ਕਿ ਅਸੀਂ ਡੇਰੇ ਵੱਲੋਂ ਸਤਿਸੰਗ ਲਾਉਣਾ ਹੈ। ਇਹ ਬੰਦੇ ਦੋ ਮਹੀਨੇ ਪਹਿਲਾਂ ਹੀ ਜਾ ਕੇ ਪਲੈਨ ਕਰ ਲੈਂਦੇ ਸਨ। ਇਹ ਟੂਰ ਘੱਟੋ ਘੱਟ ਡੇਢ ਮਹੀਨੇ ਦਾ ਹੁੰਦਾ ਸੀ ਅਤੇ ਦੋ-ਤਿੰਨ ਸੌ ਗੱਡੀਆਂ ਦਾ ਕਾਫਲਾ ਹੁੰਦਾ ਸੀ। ਸਕਿਓਰਿਟੀ ਵੀ ਹੁੰਦੀ ਸੀ, ਕੁਝ ਪੱਕੇ ਸ਼ਰਧਾਲੂ ਹੁੰਦੇ ਸਨ। ਕੁਝ ਇਸ ਨੇ ਆਪਣਾ ਰੋਹਬ ਵਗੈਰਾ ਵੀ ਦਿਖਾਉਣਾ ਹੁੰਦੀ ਸੀ। ਅਸੀਂ ਮੱਧ ਪ੍ਰਦੇਸ਼ ਗਏ। ਉੱਥੇ ਨਵੇਂ ਲੋਕ ਸਨ। ਅਸੀਂ ਚੰਬਲ ਵੀ ਗਏ ਜਿੱਥੇ ਸਾਨੂੰ ਡਾਕੂਆਂ ਨੇ ਘੇਰ ਲਿਆ। ਉਨ੍ਹਾਂ ਸਮਝਿਆ ਕਿ ਇਹ ਸਾਨੂੰ ਮਾਰਨ ਆਏ ਹਨ। ਉਹ ਮੋਟੀਆਂ ਮੋਟੀਆਂ ਮੁੱਛਾਂ ਵਾਲੇ ਸਨ। ਜਿਹੜੇ ਮੈਂ ਖੁਦ ਦੇਖੇ। ਉੱਥੇ ਸਾਧ ਨੇ ਉਨ੍ਹਾਂ ਨੂੰ ਪੈਸੇ ਦਿੱਤੇ ਤੇ ਕਿਹਾ ਕਿ ਅਸੀਂ ਤਾਂ ਸਿਰਫ ਤੁਹਾਡਾ ਭਲਾ ਕਰਨ ਆਏ ਹਾਂ। ਉਨ੍ਹਾਂ ਮੰਨ ਲਿਆ ਕਿ ਸਾਡੇ ਦੁਸ਼ਮਣ ਨਹੀਂ ਹਨ। ਇਸ ਤਰ੍ਹਾਂ ਇਹ ਨਵੇਂ ਲੋਕਾਂ ਨੂੰ ਪ੍ਰਭਾਵਿਤ ਕਰ ਲੈਂਦਾ ਸੀ। ਜਿਸ ਦਿਨ ਕੈਂਪ ਵਿੱਚ ਮੈਂ ਬਲਾਤਕਾਰ ਵਾਲੀ ਘਟਨਾ ਦੇਖੀ ਉਸ ਦਿਨ ਤੋਂ ਹੀ ਮੇਰਾ ਮਨ ਖੱਟਾ ਹੋਇਆ। ਅਗਰ ਮੈਨੂੰ ਪਤਾ ਨਾ ਲੱਗਦਾ ਤਾਂ ਹੋ ਸਕਦਾ ਕਿ ਮੈਂ ਅੱਜ ਵੀ ਉਨ੍ਹਾਂ ਵਿੱਚ ਖੜ੍ਹਾ ਹੋ ਕੇ ਕਹਿੰਦਾ ਕਿ ਇਹ ਸਾਡਾ ਗੁਰੂ ਹੈ। ਮੇਰੀਆਂ ਸਾਧ ਨਾਲ ਕਾਫੀ ਫੋਟੋਆਂ ਵੀ ਹਨ ਕਿਉਕਿ ਮੈਂ ਮੇਨ ਮੈਨੇਜਮੈਂਟ ਵਿੱਚ ਸ਼ਾਮਲ ਸਾਂ। ਸਾਰੀ ਮਾਰਕੀਟ ਦੀ ਸੇਲ ਸਾਡੇ ਕੋਲ ਆ ਕੇ ਜਮ੍ਹਾਂ ਹੁੰਦੀ ਸੀ।

? ਇਸ ਬਲਾਤਕਾਰ ਦੀ ਘਟਨਾ ਤੋਂ ਇਲਾਵਾ ਤੁਸੀਂ ਉੱਥੇ ਹੋਰ ਕੀ ਕੁਝ ਦੇਖਿਆ ?

ਜਵਾਬ- ਮੈਂ ਉੱਥੇ ਕਾਫੀ ਕੁਝ ਦੇਖਿਆ। ਪਿਛਲੇ 6 ਮਹੀਨਿਆਂ ਤੋਂ ਮੇਰੀ ਮਾਤਾ ਨੂੰ ਡੇਰੇ ਵਿੱਚ ਹਿਰਾਸਤ ਵਿੱਚ ਰਖਿਆ ਹੋਇਆ ਹੈ। ਉਸਨੂੰ ਬਾਹਰ ਨਹੀਂ ਆਉਣ ਦਿੱਤਾ ਜਾ ਰਿਹਾ। ਮੈਨੂੰ ਧਮਕੀ ਦਿੱਤੀ ਜਾ ਰਹੀ ਹੈ ਕਿ ਜੇ ਤੂੰ ਸਾਡੀ ਕੋਈ ਨਵੀਂ ਚੀਜ਼ ਨਸ਼ਰ ਕੀਤੀ ਤਾਂ ਤੇਰੀ ਮਾਤਾ ਨੂੰ ਛੱਡਿਆ ਨਹੀਂ ਜਾਵੇਗਾ। ਸਾਧ ਨੇ ਡੇਰੇ ਵਿੱਚ 150 ਕੁ ਬੰਦਿਆਂ ਨੂੰ ਅਪ੍ਰੇਸ਼ਨ ਕਰਵਾ ਕੇ ਸੈਕਸ ਪੱਖੋ ਨਾਮਰਦ ਬਣਾਇਆ ਹੋਇਆ ਹੈ।

? ਇਹ ਕਿਹੜੇ ਬੰਦੇ ਹਨ ?

ਜਵਾਬ- ਜਿਹੜੇ ਡੇਰੇ ਵਿੱਚ ਚੜ੍ਹਾਏ ਹੋਏ ਹਨ, ਇਹ ਉਹ ਬੰਦੇ ਹਨ। ਦੋ ਟਾਂਕਿਆ ਦਾ ਅਪ੍ਰੇਸ਼ਨ ਕਰਕੇ ਇਨ੍ਹਾਂ ਨੂੰ ਸੈਕਸ ਪੱਖੋ ਖਤਮ ਕਰ ਦਿੱਤਾ ਗਿਆ ਹੈ। ਅਪ੍ਰੇਸ਼ਨ ਕਰਨ ਵਾਲੇ ਡਾਕਟਰਾਂ ਵਿੱਚ ਐਮ. ਪੀ. ਸਿੰਘ, ਡਾ. ਪੰਕਜ ਅਤੇ ਡਾ. ਅਦਿੱਤਿਆ ਸ਼ਾਮਲ ਸਨ। ਇਨ੍ਹਾਂ ਸਾਰਿਆਂ ਬੰਦਿਆਂ ਨੂੰ ਫਕੀਰ ਚੰਦ ਦੇ ਕਤਲ ਬਾਰੇ ਪਤਾ ਹੈ। ਮੇਰੇ ਪਹਿਲਾਂ ਡੇਰੇ ਦਾ ਟਰੱਸਟ ਨਹੀਂ ਹੁੰਦਾ ਸੀ। ਟੈਕਸ ਚੋਰੀ ਕਰਦੇ ਸਨ। ਸੇਲ ਟੈਕਸ ਤੇ ਇਨਕਮ ਟੈਕਸ ਅਫ਼ਸਰਾਂ ਨੂੰ ਪੈਸੇ ਦੇ ਕੇ ਆਪਣੇ ਕੰਟਰੋਲ ਵਿੱਚ ਰੱਖਦੇ ਸਨ। ਹੁਣ ਇਨ੍ਹਾਂ ਨੇ ਟਰੱਸਟ ਬਣਾ ਲਿਆ ਜਿਸ ਦੇ ਮੈਂਬਰ ਵੀ ਇਸ ਦੇ ਧੀਆਂ ਪੁੱਤਰ ਹਨ। ਵੱਡੇ ਮੁੰਡੇ ਦਾ ਨਾਮ ਜਸਮੀਤ ਸਿੰਘ ਤੇ ਕੁੜੀ ਦਾ ਨਾਂ ਚਰਨਜੀਤ ਕੌਰ ਹੈ। ਇਸ ਵਿੱਚ ਕੁਝ ਮੁੱਖ ਜ਼ਿਮੇਂਦਾਰ ਵੀ ਸ਼ਾਮਲ ਹਨ। ਪਹਿਲਾਂ ਵਾਲੇ ਬਾਬੇ ਦਾ ਕੋਈ ਵਾਰਸ ਜਾਂ ਸਬੰਧੀ ਇਸ ਵਿੱਚ ਸ਼ਾਮਲ ਨਹੀਂ ਹੈ। ਪਹਿਲਾਂ ਵਾਲਾ ਬਾਬਾ ਆਪਣੇ ਦੋਹਤੇ ਲਾਭ ਸਿੰਘ ਨੂੰ ਗੱਦੀ ਦੇਣੀ ਚਾਹੁੰਦਾ ਸੀ ਤੇ ਇੱਕ ਪ੍ਰਬੰਧਕ ਆਪ ਗੱਦੀ ਲੈਣੀ ਚਾਹੁੰਦਾ ਸੀ। ਇਹ ਸਾਧ ਵਿੱਚ ਕਿਵੇਂ ਆ ਗਿਆ ਇਸ ਬਾਰੇ ਮੈਨੂੰ ਕੁਝ ਪਤਾ ਨਹੀਂ ਹੈ। ਸੁਣਾਈਆਂ ਸੁਣਾਈਆਂ ਗੱਲਾਂ ਤਾਂ ਬਹੁਤ ਹਨ। ਇਸ ਨੇ ਸਭ ਤੋਂ ਪਹਿਲਾਂ ਮਹੂਰਤ ਦੇ ਬੰਦਿਆਂ ਦਾ ਕਤਲ ਕੀਤਾ ਸੀ। ਮੈਨੂੰ ਪਤਾ ਨਹੀਂ ਕਿ ਇਸ ਨੇ ਸਤਨਾਮ ਸਿੰਘ ਨੂੰ ਮਾਰਿਆ ਜਾਂ ਨਹੀਂ। ਇਸ ਤੋਂ ਬਾਅਦ ਫਕੀਰ ਚੰਦ ਨੇ ਕੁਝ ਗੱਲਾਂ ਦਾ ਵਿਰੋਧ ਕੀਤਾ। ਫਕੀਰ ਚੰਦ ਸਤਨਾਮ ਸਿੰਘ ਦਾ ਪੱਕਾ ਤੇ ਇਮਾਨਦਾਰ ਸਰਧਾਲੂ ਸੀ। ਡੇਰੇ ਦਾ ਮੈਨੇਜਰ ਸੀ ਤੇ ਹਰੇਕ ਚਾਬੀ ਉਸ ਕੋਲ ਸੀ ਜਿਸ ਨੂੰ ਇਨ੍ਹਾਂ ਨੇ ਕਤਲ ਕਰ ਦਿੱਤਾ। ਉਸ ਤੋਂ ਬਾਅਦ ਲਛਮਣ ਦਾਸ ਨੂੰ ਕਤਲ ਕੀਤਾ ਗਿਆ। ਮਾਰਨ ਦਾ ਤਰੀਕਾ ਇਹ ਸੀ ਕਿ ਚੌਕੜੀ ਮਾਰ ਕੇ ਸਾਹ ਬੰਦ ਕਰਕੇ ਬਿਠਾ ਦਿੰਦੇ ਤੇ ਬਾਅਦ ਵਿੱਚ ਕਹਿ ਦਿੰਦੇ ਇਹ ਰਾਤ ਨੂੰ ਸਤਨਾਮ ਦਾ ਜਾਪ ਕਰਦਾ ਸੀ ਤੇ ਇਸ ਦੀ ਬਿਰਤੀ ਲੱਗ ਗਈ ਤੇ ਇਹ ਵਾਪਸ ਨਹੀਂ ਆਇਆ। ਇਸ ਤਰ੍ਹਾਂ ਸ਼ਾਮ 5 ਵਜੇ ਤੱਕ ਮਰਨ ਦਾ ਐਲਾਨ ਕਰਕੇ ਰਿਸ਼ਤੇਦਾਰਾਂ ਨੂੰ ਬੁਲਾ ਕੇ ਸ਼ਾਮੀ 7 ਵਜੇ ਸਸਕਾਰ ਕਰ ਦਿੰਦਾ ਸੀ।

> ਜ਼ਿਲ੍ਹਾ ਗੰਗਾਨਗਰ ਦੇ ਪਿੰਡ ਗੁਰੂਸਰ ਮੋਡੀਆ ਤੇ ਆ ਕੇ ਡੇਰਾ ਸਿਰਸਾ ਉਪਰ ਕਬਜ਼ਾ ਕਰਨ ਵਾਲੇ ਸਾਧ ਗੁਰਮੀਤ ਰਾਮ ਰਹੀਮ ਸਿੰਘ ਨੇ ਦੋ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾ ਕੇ ਜਿਸ ਢੰਗ ਨਾਲ ਸਿੱਖ ਹਿਰਦਿਆਂ ਨੂੰ ਵਲੂੰਧਾਰਿਆ ਉਸ ਦਾ ਡੂੰਘਾ ਅਸਰ ਸਾਧ ਦੇ ਵਿਸ਼ਵਾਸਪਾਤਰ ਬਾਡੀਗਾਰਡ ਅਤੇ ਖਜ਼ਾਨਚੀ ਬੇਅੰਤ ਸਿੰਘ ਉਪਰ ਵੀ ਹੋਇਆ। ਇਸ ਨੇ ਡੇਰੇ ਦਾ ਸੁੱਖ ਆਰਾਮ ਤਿਆਗ ਕੇ ਬਗਾਵਤ ਕਰਨ ਪਿਛੋਂ ਰੂਪੋਸ਼ ਰਹਿ ਕੇ ਇਕ ਸਾਲ ਦਾ ਸਮਾਂ ਗੁੰਮਨਾਮੀ ਦੀ ਹਾਲਤ ਵਿੱਚ ਬਤੀਤ ਕੀਤਾ। ਇਸ ਸਮੇਂ ਦੌਰਾਨ ਸਾਧ ਦੇ ਗੁੰਡਿਆਂ ਨੇ ਬੇਅੰਤ ਸਿੰਘ ਦਾ ਘਰ ਸਾੜ ਦਿੱਤਾ ਤੇ ਇਸ ਦੀ ਮਾਤਾ ਨੂੰ ਆਪਣੇ ਡੇਰੇ ਵਿੱਚ ਬੰਦੀ ਬਣਾ ਲਿਆ ਜੋ ਅਜੇ ਵੀ ਸਾਧ ਦੀ ਹਿਰਾਸਤ ਵਿੱਚ ਹੈ। ਆਪਣੀ ਜਾਨ ਬਚਾਉਣ ਲਈ ਬੇਅੰਤ ਸਿੰਘ ਆਪਣੇ ਬੀਵੀ ਬੱਚਿਆਂ ਸਮੇਤ ਪਿਛਲੇ ਦਿਨੀਂ ਇੰਗਲੈਂਡ ਪਹੁੰਚਾ ਹੈ। 'ਦੇਸ਼-ਪ੍ਰਦੇਸ਼' ਨਾਲ ਆਪਣੀ ਵਿਸ਼ੇਸ਼ ਪਹਿਲੀ ਮੁਲਾਕਾਤ ਵਿੱਚ ਬੇਅੰਤ ਸਿੰਘ ਨੇ ਆਪਣੀ ਹੱਡਬੀਤੀ ਬਿਆਨ ਕਰਦਿਆਂ ਡੇਰੇ ਅੰਦਰ ਦੀਆਂ ਅਜਿਹੀਆਂ ਸਰਗਰਮੀਆਂ ਤੋਂ ਪਰਦਾ ਚੁੱਕਿਆ ਹੈ ਜੋ ਅਜੇ ਤੱਕ ਗੁਪਤ ਰਹੀਆਂ ਹਨ। ਇੱਥੇ ਪੇਸ਼ ਹੈ ਪਾਠਕਾਂ ਦੀ ਜਾਣਕਾਰੀ ਲਈ ਇੰਟਰਵਿਊ ਦਾ ਪੂਰਾ ਵਿਸਥਾਰ।

? ਸਿੱਖਾਂ ਵੱਲੋਂ ਹੋਰ ਰਹੇ ਵਿਰੋਧ ਦਾ ਸਾਧ 'ਤੇ ਕੋਈ ਅਸਰ ਪੈ ਰਿਹਾ

ਜਵਾਬ-ਜਿੰਨਾ ਚਿਰ ਗੌਰਮਿੰਟ ਉਸ ਦਾ ਸਾਥ ਦੇ ਰਹੀ ਹੈ, ਓਨਾ ਚਿਰ ਕੋਈ ਅਸਰ ਨਹੀਂ ਪਵੇਗਾ। ਸਰਕਾਰ ਦਾ ਇਸ ਦਾ ਇਸ ਨੂੰ ਪੂਰਾ ਆਸ਼ੀਰਵਾਦ ਹੈ। ਡੱਬਵਾਲੀ ਵਿਖੇ ਇਨ੍ਹਾਂਬੱਲਕਾਰ ਸਿੰਘ ਨੂੰ ਸ਼ਹੀਦ ਕੀਤਾ ਫਿਰ ਮਹਾਂਰਾਸ਼ਟਰ ਸਰਕਾਰ ਨੇ ਵੀ ਇਸ ਨੂੰ ਉਥੋਂ ਕੱਢ ਦਿੱਤਾ ਤੇ ਇਹ ਬੰਗਲੌਰ ਜਾ ਵੜਿਆ। ਉਨ੍ਹਾਂ ਵੀ ਉਥੋਂ ਜਵਾਬ ਦੇ ਦਿੱਤਾ ਤੇ ਦਿੱਲੀ ਆ ਗਿਆ। ਫਿਰ ਸਿਰਸੇ ਪਹੁੰਚਣ ਲਈ ਹਵਾਈ ਕਪਨੀਆਂ ਤੋਂ ਹੈਲੀਕਾਪਟਰ ਮੰਗਿਆ ਪਰ ਕਿਸੇ ਵੀ ਕੰਪਨੀ ਨੇ ਇਸ ਨੂੰ ਹੈਲੀਕਾਪਟਰ ਨਹੀਂ ਦਿੱਤਾ। ਫਿਰ ਸੋਨੀਆਂ ਗਾਂਧੀਨੇ ਆਪਣਾ ਹੈਲੀਕਾਪਟਰ ਦਿੱਤਾ। ਤੁਸੀਂ ਆਪ ਦੇਖ